# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਮੱਗਰ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫ਼ੇਜ-੮, ਐਸ.ਏ.ਐਸ ਨਗਰ (ਮੋਹਾਲੀ), ਪੰਜਾਬ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ.)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਈਟ ਰਾਹੀਂ)
ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)

ਮੀਮੋ ਨੰ: SSA/Uniform/2020/204439 ਮਿਤੀ: 28-08-2020

**ਵਿਸ਼ਾ:-** **ਸਮੱਗਰ ਸਿੱਖਿਆ ਅਭਿਆਨ ਅਧੀਨ ਸਾਲ 2020-21 ਦੌਰਾਨ ਸਰਕਾਰੀ ਸਕੂਲਾਂ ਵਿੱਚ 1-8 ਜਮਾਤਾਂ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ (Girls) ਅਤੇ SC/ST/BPL ਲੜਕਿਆਂ (Boys) ਨੂੰ ਮੁਫ਼ਤ ਵਰਦੀਆਂ ਮੁਹੱਈਆ ਕਰਵਾਉਣ ਸਬੰਧੀ ਦਿਸ਼ਾ-ਨਿਰਦੇਸ਼।**

**ਹਵਾਲਾ:-** **ਇਸ ਦਫਤਰ ਦਾ ਪੱਤਰ ਨੰ: SSA/Uniform/2020/193157 ਮਿਤੀ 17-08-2020 ਦੇ ਸਬੰਧ ਵਿੱਚ।**

1.0 ਹਵਾਲਾ ਪੱਤਰ ਦੀ ਲਗਾਤਾਰਤਾ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਸਾਲ 2020-21 ਦੌਰਾਨ ਵਰਦੀਆਂ ਦੀ ਵੰਡ ਲਈ ਗ੍ਰਾਂਟ ਆਪ ਨੂੰ ਇਸ ਦਫਤਰ ਦੇ ਪੱਤਰ ਨੰ: ਸਸਅ/ਵਿੱਤ/2020-21/2020199524 ਮਿਤੀ 25-08-2020 ਰਾਹੀਂ ਜਾਰੀ ਕੀਤੀ ਜਾ ਚੁੱਕੀ ਹੈ।

2.0 COVID-19 ਨੂੰ ਧਿਆਨ ਵਿੱਚ ਰੱਖਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੇ ਨਾਪ ਲੈਣ ਲਈ ਉਨ੍ਹਾਂ ਨੂੰ ਸਕੂਲ ਵਿੱਚ ਨਾ ਬੁਲਾਇਆ ਜਾਵੇ। ਨਾਪ ਉਨ੍ਹਾਂ ਦੇ ਮਾਪਿਆਂ ਤੋਂ ਪ੍ਰਾਪਤ ਕਰਕੇ ਵਰਦੀ ਸਿਲਾਈ ਜਾਵੇ।

3.0 ਆਪ ਵੱਲੋਂ ਸੁਨਿਸ਼ਚਿਤ ਕੀਤਾ ਜਾਵੇ ਕਿ ਵਿਦਿਆਰਥੀਆਂ ਦੀਆਂ ਵਰਦੀਆਂ ਮਾਪਿਆਂ/ਸਰਪ੍ਰਸਤ ਨੂੰ ਵੰਡਣ ਵੇਲੇ social distancing ਨਿਯਮਾਂ ਦੀ ਪਾਲਣਾ ਸਕੂਲ ਪੱਧਰ ਤੇ ਯਕੀਨੀ ਬਣਾਈ ਜਾਵੇ। ਵਰਦੀਆਂ ਦੀ ਵੰਡ ਮਿਤੀ 26-10-2020 ਤੱਕ ਮੁਕੰਮਲ ਕੀਤੀ ਜਾਵੇ।

4.0 ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰੇਕ ਸਕੂਲ ਮੁਖੀ ਵੱਲੋਂ ਵਰਦੀਆਂ ਦੀ ਵੰਡ ਦੀ ਪ੍ਰਗਤੀ ਨਿਰੰਤਰ E-punjab portal ਉੱਤੇ ਅਪਲੋਡ ਕੀਤੀ ਜਾਵੇ। ਇਸ ਪੋਰਟਲ ਉੱਤੇ ਹਰੇਕ ਸਕੂਲ ਵੱਲੋਂ ਆਪਣੇ ਸਕੂਲ login id ਵਿੱਚ ਜਾ ਕੇ uniform report ਲਿੰਕ ਉੱਤੇ ਕਲਿੱਕ ਕਰਕੇ ਦਿੱਤੇ ਗਏ ਪ੍ਰੋਫਾਰਮੇ ਅਨੁਸਾਰ ਜਾਣਕਾਰੀ ਭਰੀ ਜਾਵੇ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰ ਸਿੱਖਿਆ ਅਭਿਆਨ
ਪੰਜਾਬ